(i) Printed Pages : 3 Roll No. ..............................

(ii) Questions : 7 **Sub. Code :** | 0 | 2 | 0 | 9 |

**Exam. Code :** | 0 | 0 | 0 | 3 |

B.A./B.Sc. (General) 3rd Sem.

(2123)

**PUNJABI**

**Paper : (Elective)**

Time Allowed : Three Hours] [Maximum Marks : 90

**ਨੋਟ :–** ਪ੍ਰਸ਼ਨਾਂ ਦੇ ਉੱਤਰ ਢੁੱਕਵੇਂ ਹੋਣੇ ਚਾਹੀਦੇ ਹਨ। ਪ੍ਰਸ਼ਨਾਂ ਦੇ ਸਾਰੇ ਭਾਗਾਂ ਨੂੰ ਇਕੋ ਜਗ੍ਹਾ ਤੇ ਹੱਲ ਕੀਤਾ ਜਾਵੇ।

1. ਨਿਮਨਲਿਖਤ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
ਹਰਿ ਬਿਨੁ ਜੀਉ ਜਲ ਬਲਿ ਜਾਉ॥
ਮੈਂ ਆਪਣਾ ਗੁਰੂ ਪੂਛਿ ਦੇਖਿਆ॥ ਅਵਰੁ ਨਾਹੀ ਥਾਉ॥

(ii) ਪ੍ਰਿਥਮ ਭਗਉਤੀ ਸਿਮਰਕੈ ਗੁਰੂ ਨਾਨਕ ਲਈ ਧਿਆਇ॥
ਫਿਰ ਅੰਗਦ ਗੁਰੂ ਤੇ ਅਮਰਦਾਸੁ ਰਾਮਦਾਸੈ ਹੋਈ ਸਹਾਇ॥
ਅਰਜੁਨ ਹਰਿਗੋਬਿੰਦ ਨੋ ਸਿਮਰੋ ਸ੍ਰੀ ਹਰਿਰਾਇ
ਸ੍ਰੀ ਹਰਿਕ੍ਰਿਸ਼ਨਿ ਧਿਆਇਐ ਜਿਸੁ ਡਿਠੇ ਸਭੁ ਦੁਖਿ ਜਾਇ॥
ਤੇਗ ਬਹਾਦਰ ਸਿਮਰੀਐ ਘਰ ਨੌ ਨਿਧ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥ 10

2. ਨਿਮਨਲਿਖਤ ਵਿੱਚੋਂ ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਸਪੱਸ਼ਟ ਕਰੋ :

(i) ਜਗਤ ਮਹਿ ਝੂਠੀ

(ii) ਸਲੋਕ ਕਬੀਰ ਜੀ। 15

3. ਪੂਰਬ ਵਲ ਮੇਰਾ ਪਹਿਲਾ ਸਫ਼ਰ ਕਾਂਡ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

'ਮੇਰੀ ਬਾਲ ਸਹੇਲੀ' ਕਾਂਡ ਦਾ ਸਾਰ ਲਿਖੋ। 15

4. ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਦਿਓ :

(i) ਕੁਦਰਤ ਭਵਖੰਡਨਾ ਦੀ ਆਰਤੀ ਕਿਵੇਂ ਉਤਾਰ ਰਹੀ ਹੈ ?

(ii) 'ਠਾਕੁਰ ਦਾ ਸੇਵਕੁ ਆਗਿਆਕਾਰੀ' ਸ਼ਬਦ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?

(iii) "ਜੋ ਜਨੁ ਲੋਹੇ ਖਸਮ ਦਾ ਨਾਮ" ਸ਼ਬਦ ਦਾ ਕੇਂਦਰੀ ਭਾਵ ਲਿਖੋ।

(iv) 'ਨਾਮੁ ਤੇਰੋ ਆਰਤੀ ਮਜਨੁ ਮੁਰਾਰੇ' ਸ਼ਬਦ ਵਿੱਚ ਨਾਮ ਦੀ ਮਹਿਮਾ ਵਿੱਚ ਕੀ ਕੁੱਝ ਕਿਹਾ ਗਿਆ ਹੈ ?

(v) ਕਿਹੜੀ ਪੁਸਤਕ ਨੇ ਲੇਖਕ ਦੇ ਮਨ ਵਿੱਚ ਪ੍ਰਦੇਸ਼ ਦਾ ਸਫ਼ਰ ਕਰਨ ਦੀ ਲਗਨ ਪੈਦਾ ਕੀਤੀ ?

(vi) ਫ਼ੌਜ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਿਸ ਤਰ੍ਹਾਂ ਲੈਣ ਆਈ ?

(vii) ਐਨ ਆਰਬਰ ਵਿੱਚ ਲੇਖਕ ਦੇ ਹਮਵਤਨਾਂ ਦਾ ਉਸ ਪ੍ਰਤੀ ਰਵੱਈਆ ਕੀ ਸੀ ?

(viii) ਲੇਖਕ ਨੇ ਵੀਆਨਾ ਸ਼ਹਿਰ ਵਿੱਚ ਕਿਹੜਾ ਨਾਟਕ ਦੇਖਿਆ ?

5×2=10

5. ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਸਮਕਾਲੀ ਹਾਲਤ ਦਾ ਕਿਸ ਤਰ੍ਹਾਂ ਚਿਤਰਨ ਹੋਇਆ ਹੈ ?

(ii) ਗੁਰੂ ਅਮਰਦਾਸ ਜੀ ਨੇ ਕਿੰਨੀ ਬਾਣੀ ਰਚੀ ਤੇ ਦੱਸੋ ਕਿ ਉਨ੍ਹਾਂ ਦੀ ਪ੍ਰਸਿੱਧ ਬਾਣੀ ਕਿਹੜੀ ਹੈ ?

(iii) ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਹੜੇ-ਕਿਹੜੇ ਗੁਰੂ ਸਾਹਿਬ ਦੀ ਬਾਣੀ ਦਰਜ ਹੈ ?

(iv) ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਭੱਟਾਂ ਦੀ ਬਾਣੀ ਦਰਜ ਹੈ, ਉਨ੍ਹਾਂ ਦੇ ਨਾਂ ਲਿਖੋ।

(v) ਪੂਰਵ ਨਾਨਕ ਕਾਲ ਵਿੱਚ ਹੋਏ ਭਗਤ ਕਵੀਆਂ ਦੇ ਨਾਂ ਲਿਖੋ।

(vi) ਭਗਤ ਕਾਨ੍ਹਾ ਬਾਰੇ ਤਿੰਨ-ਚਾਰ ਵਾਕ ਲਿਖੋ। $4 \times 5 = 20$

6. ਭਾਵ ਕੀ ਹੁੰਦੇ ਹਨ ? ਰਸ ਦੀ ਉਤਪਤੀ ਵਿੱਚ ਇਨ੍ਹਾਂ ਦੀ ਕੀ ਭੂਮਿਕਾ ਹੈ ?

**ਜਾਂ**

ਵਕ੍ਰੋਕਤੀ ਸੰਪਰਦਾਇ ਨਾਲ ਸੰਖੇਪ ਜਾਣ-ਪਛਾਣ ਕਰਾਓ। 10

7. ਕਿਸੇ **ਦੋ** ਭਾਸ਼ਾ-ਵੰਨਗੀਆਂ ਨਾਲ ਜਾਣ-ਪਛਾਣ ਕਰਾਓ :

(i) ਟਕਸਾਲੀ ਭਾਸ਼ਾ

(ii) ਅੱਪ ਭਾਸ਼ਾ

(iii) ਪਿਜਨ ਭਾਸ਼ਾ

(iv) ਕਰਿਓਲ ਭਾਸ਼ਾ। 10